# ਲੋਕ-ਬਿਰਤਾਂਤ: ਸੰਕਲਪ ਤੇ ਸਰੂਪ



**ਡਾ. ਅਸ਼ਵਨੀ ਕੁਮਾਰ**
ਸਹਾਇਕ ਪ੍ਰੋਫ਼ੈਸਰ
ਗੁਰੂ ਨਾਨਕ ਸਰਕਾਰੀ ਕਾਲਜ
ਕਾਲਾ ਅਫ਼ਗਾਨਾ
(ਗੁਰਦਾਸਪੁਰ)
ashwanikumarpu@gmail.com

ਲੋਕ-ਬਿਰਤਾਂਤ ਕਿਸੇ ਵੀ ਸਭਿਆਚਾਰ ਦਾ ਉਹ ਕਲਾਤਮਕ ਪ੍ਰਗਟਾਵਾ ਹੁੰਦਾ ਹੈ ਜਿਸ ਦੀ ਹੋਂਦ ਉਸ ਸਭਿਆਚਾਰ ਦੀ ਵਿਲੱਖਣਤਾ ਅਤੇ ਪਹਿਚਾਣ ਦਾ ਕਾਰਨ ਬਣਦੀ ਹੈ। ਲੋਕ-ਬਿਰਤਾਂਤ ਨੂੰ ਓਨੀ ਦੇਰ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ ਜਿੰਨੀ ਦੇਰ ਅਸੀਂ 'ਲੋਕ' ਅਤੇ 'ਬਿਰਤਾਂਤ' ਦੇ ਅਰਥਾਂ ਤੋਂ ਸਪੱਸ਼ਟ ਨਹੀਂ ਹੁੰਦੇ। ਲੋਕ ਅਤੇ ਬਿਰਤਾਂਤ ਦੀ ਸਾਂਝ ਇਕ ਨਵੇਂ ਸੰਕਲਪ ਨੂੰ ਜਨਮ ਦਿੰਦੀ ਹੈ ਪਰ ਇਸ ਤੋਂ ਪਹਿਲਾਂ ਇਹ ਦੋਵੇਂ ਆਪਣੇ ਆਪ ਵਿੱਚ ਨਿਸ਼ਚਿਤ ਤੇ ਸੰਕਲਪਕ ਪਦ ਹਨ।

'ਲੋਕ' ਪਦ ਦੀ ਵਰਤੋਂ ਲੋਕ-ਧਾਰਾ, ਲੋਕ-ਸਾਹਿਤ, ਲੋਕ-ਗੀਤ, ਲੋਕ-ਕਹਾਣੀਆਂ, ਲੋਕ-ਕਲਾ, ਲੋਕ-ਧਰਮ, ਲੋਕ-ਵਿਸ਼ਵਾਸ, ਲੋਕ-ਸਾਜ਼, ਲੋਕ-ਨਾਚ, ਲੋਕ-ਖੇਡ ਆਦਿ ਦੇ ਰੂਪਾਂ ਵਿੱਚ ਹੁੰਦੀ ਆਈ ਹੈ। ਇਸ ਤਰ੍ਹਾਂ 'ਲੋਕ' ਲੋਕਧਾਰਾ ਵਿਗਿਆਨ ਦੇ ਅੰਤਰਗਤ ਇਕ ਸੰਕਲਪਕ ਪਦ ਹੈ। 'ਲੋਕ' ਪਦ ਲਈ ਅੰਗਰੇਜ਼ੀ ਵਿੱਚ Folk, People, Public, Masses ਆਦਿ ਸ਼ਬਦ ਮਿਲ ਜਾਂਦੇ ਹਨ। ਪਰ ਉਹ ਸ਼ਬਦ ਜੋ 'ਲੋਕ' ਸ਼ਬਦ ਦੇ ਰੂੜ੍ਹੀਗਤ ਅਰਥਾਂ ਦਾ ਸੰਚਾਰ ਕਰ ਸਕੇ 'Folk' ਹੀ ਹੈ। ਲੋਕਧਾਰਾ-ਸ਼ਾਸਤਰੀ ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ 'ਲੋਕ' ਸ਼ਬਦ ਦੇ ਸੰਬੰਧ ਵਿੱਚ 'ਫੋਕ' (Folk) ਅਤੇ 'ਪੀਪਲ' (People) ਵਿੱਚ ਭੇਦ ਕਰਦਿਆਂ ਲਿਖਿਆ ਹੈ, " 'ਪੀਪਲ' (ਜਿਸ ਲਈ ਪੰਜਾਬੀ ਵਿਚ ਕੁਝ ਹਦ ਤਕ ਜਨਤਾ ਸ਼ਬਦ ਵੀ ਪ੍ਰਯੋਗ ਹੁੰਦਾ ਹੈ) ਸਮਾਜਿਕ, ਰਾਜਨੀਤਕ ਅਤੇ ਆਰਥਿਕ ਚੇਤਨਤਾ ਨਾਲ ਸੰਬੰਧਿਤ ਪਦ ਹੈ। ਮੇਰੀ ਜਾਚ 'ਫੋਕ' ਤੇ 'ਪੀਪਲ' (ਲੋਕ ਤੇ ਜਨਤਾ) ਦੋਵੇਂ ਸਮੂਹ ਦੋ ਵਿਭਿੰਨ ਚੇਤਨਾਵਾਂ ਦੇ ਧਾਰਨੀ ਹਨ ਅਤੇ ਬੁਨਿਆਦੀ ਤੌਰ ਤੇ ਦੋਹਾਂ ਦੇ ਜੀਵਨ ਬੋਧ ਵੀ ਵਖੋ-ਵਖਰੇ ਹਨ। ਫੋਕ (ਲੋਕ) ਦੀ ਬੁਨਿਆਦੀ ਚੇਤਨਾ ਲੋਕ-ਮਨ ਦੀ ਚੇਤਨਾ ਨਾਲ ਸਬੰਧਿਤ ਹੈ ਜੋ ਮਨੁੱਖੀ ਅਵਚੇਤਨ ਵਿਚੋਂ ਉਭਰਦੀ ਹੈ। 'ਜਨਤਾ' ਦੀ ਬੁਨਿਆਦੀ ਚੇਤਨਾ ਆਰਥਕ ਤੇ ਰਾਜਨੀਤਕ ਮੁਖ ਚੇਤਨਾ ਹੈ। ਪਹਿਲੀ ਚੇਤਨਾ ਹਮੇਸ਼ਾਂ ਪਰੰਪਰਾ ਨਾਲ ਜੁੜੀ ਹੁੰਦੀ ਹੈ, ਪਰ ਦੂਜੀ ਜੀਵਨ ਦੇ ਨਵੇਂ ਬੋਧਾਂ ਨਾਲ।... ਵੈਸੇ ਇਕੋ ਮਨੁੱਖ ਇਕ ਵਿਸ਼ੇਸ਼ ਸਥਿਤੀ ਜਾਂ ਸਮੂਹ ਵਿਚ 'ਫੋਕ' ਅਤੇ ਇਕ ਦੂਜੇ ਸਮੂਹ ਵਿਚ 'ਜਨਤਾ' ਵੀ ਹੋ ਸਕਦਾ ਹੈ।"[1] ਅਮਰੀਕੀ ਲੋਕਧਾਰਾ ਵਿਗਿਆਨੀ ਐਲਨ ਡੰਡੀਜ਼ (Alan Dundes) ਦਾ ਮਤ ਹੈ, "ਉਨੀਂਵੀਂ ਸਦੀ ਦੇ ਸ਼ੁਰੂਆਤੀ ਦੌਰ ਵਿੱਚ 'ਲੋਕ' ਸੰਕਲਪ ਦੀ ਵਰਤੋਂ ਪੜ੍ਹੇ-ਲਿਖੇ ਸਮਾਜ ਵਿੱਚ ਸੀਮਿਤ

ਅਨਪੜ੍ਹਿਆਂ ਲਈ ਕੀਤੀ ਜਾਂਦੀ ਸੀ ਪਰ ਵੀਹਵੀਂ ਸਦੀ ਤੱਕ ਪਹੁੰਚਦਿਆਂ ਲੋਕਧਾਰਾ ਵਿਗਿਆਨੀਆਂ ਨੂੰ ਪਤਾ ਲੱਗਿਆ ਕਿ 'ਲੋਕ' ਸੰਕਲਪ ਦੀ ਪਰਿਭਾਸ਼ਾ ਬਹੁਤ ਸੰਕੀਰਤ ਹੈ। ਆਧੁਨਿਕ ਪ੍ਰਵਚਨ ਵਿੱਚ ਕੋਈ ਵੀ ਸਮੂਹ ਜੋ ਘੱਟੋ ਘੱਟ ਇਕ ਸਾਂਝੀ ਕੜੀ ਵਿੱਚ ਬੱਝਿਆ ਹੋਵੇ ਨੂੰ ਲੋਕ ਕਹਿੰਦੇ ਹਨ। ਇਹ ਸਾਂਝੀ ਕੜੀ ਕੋਈ ਵੀ ਹੋ ਸਕਦੀ ਹੈ ਜਿਵੇਂ ਰਾਸ਼ਟਰੀ, ਧਾਰਮਿਕ, ਜਾਤੀਮੁਖੀ ਜਾਂ ਕਿੱਤਾਮੁਖੀ।"[2] ਪੰਜਾਬੀ ਲੋਕਧਾਰਾ ਸ਼ਾਸਤਰੀ ਡਾ. ਨਾਹਰ ਸਿੰਘ ਨੇ 'ਲੋਕ' ਪਦ ਨੂੰ ਇੰਜ ਪਰਿਭਾਸ਼ਿਤ ਕੀਤਾ ਹੈ, "'ਲੋਕ' ਦਾ ਅਰਥ ਸਮੂਹਕ ਭਾਵਨਾ ਵਿੱਚ ਬੱਝਾ ਭਾਸ਼ਾਈ, ਖੇਤਰੀ, ਨਸਲੀ, ਕਿੱਤਾਗਤ ਜਾਂ ਧਾਰਮਕ ਆਧਾਰ ਤੇ ਬਣਿਆ ਅਜੇਹਾ ਗੁੱਟ ਹੈ ਜਿਸ ਕੋਲ ਆਪਣੀ ਸਾਂਝੀ ਰਵਾਇਤ ਹੈ। ਇਹ ਗੁੱਟ ਸ਼ਹਿਰੀਆਂ ਦਾ ਵੀ ਹੋ ਸਕਦਾ ਹੈ ਤੇ ਪੇਂਡੂਆਂ ਦਾ ਵੀ, ਪੜ੍ਹੇ ਲਿਖੇ ਬੁਧੀਜੀਵੀਆਂ ਦਾ ਵੀ ਤੇ ਅਨਪੜ੍ਹ ਵਾਗੀਆਂ ਤੇ ਹਲ-ਵਾਹਕਾਂ ਦਾ ਵੀ, ਧਨੀਆਂ ਦਾ ਵੀ ਤੇ ਝੁੱਗੀਆਂ ਵਿੱਚ ਵਸਦੇ ਮਜਦੂਰਾਂ ਦਾ ਵੀ। 'ਲੋਕ' ਦੇ ਦਾਇਰੇ ਦਾ ਆਧਾਰ ਭੂਗੋਲਿਕ/ਸਾਂਸਕ੍ਰਿਤਕ ਵੰਡ ਹੈ।"[3] ਸੋ ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਖਿੱਤੇ ਵਿਸ਼ੇਸ਼ ਦਾ ਉਹ ਲੋਕ-ਸਮੂਹ ਜਿਸ ਦਾ ਲੋਕ-ਮਨ ਸਾਂਝਾ ਹੋਵੇ, ਜਿਨ੍ਹਾਂ ਵਿੱਚ ਭੂਗੋਲਿਕ, ਭਾਸ਼ਾਈ ਜਾਂ ਵਿਰਾਸਤੀ ਸਾਂਝ ਹੋਵੇ ਅਤੇ ਸਾਂਝ ਦਾ ਇਹ ਸਿਲਸਿਲਾ ਪੀੜ੍ਹੀ-ਦਰ-ਪੀੜ੍ਹੀ ਪਰੰਪਰਾ ਦੇ ਰੂਪ ਵਿੱਚ ਚਲਦਾ ਰਹੇ, ਨੂੰ 'ਲੋਕ' ਕਿਹਾ ਜਾਂਦਾ ਹੈ।

ਮਨੁੱਖ ਭਾਵੇਂ ਕਿਸੇ ਵੀ ਸੰਸਥਾ, ਸਮਾਜਿਕ ਧੜੇ ਦਾ ਮੈਂਬਰ ਹੋਵੇ ਜਾਂ ਨਾ ਹੋਵੇ ਪਰ ਉਹ ਲੋਕ ਦੀ ਇਕ ਇਕਾਈ ਜ਼ਰੂਰ ਹੁੰਦਾ ਹੈ। ਲੋਕ ਮਨੁੱਖ ਦੇ ਬੁਨਿਆਦੀ ਜੀਵਨ ਦੀ ਪਹਿਚਾਣ ਦਾ ਸਬੱਬ ਹੈ। ਇਸ ਦੀ ਮੁੱਢਲੀ ਪ੍ਰਕਿਰਤੀ ਮਨੁੱਖ ਅੰਦਰ ਚੇਤਨ ਰੂਪ ਵਿੱਚ ਇਕ ਸਮੂਹ ਸਿਰਜਣ ਦੀ ਪ੍ਰਵਿਰਤੀ ਨੂੰ ਜਨਮ ਦਿੰਦੀ ਹੈ। ਜਿਵੇਂ ਹਰੇਕ ਮਨੁੱਖ ਅੰਦਰ ਲੋਕ-ਮਨ ਹੁੰਦਾ ਹੈ ਉਵੇਂ ਹੀ ਲੋਕ ਦੀ ਭਾਵਨਾ ਵੀ ਕੁਦਰਤੀ ਹੈ। ਲੋਕ ਦੀ ਭਾਵਨਾ ਕਰਕੇ ਹੀ ਮਨੁੱਖ ਸਮਾਜ ਵਿੱਚ ਛੋਟੇ-ਵੱਡੇ ਦਾਇਰਿਆਂ ਵਿੱਚ ਰਹਿ ਰਿਹਾ ਹੈ। ਲੋਕ ਦੀ ਭਾਵਨਾ ਸਰਵ-ਵਿਆਪਕ ਹੈ। ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਇਸ ਦਾ ਰੂਪ ਮਿਲ ਜਾਂਦਾ ਹੈ। ਲੋਕਧਾਰਾ ਦਾ ਅੰਗ ਹੋਣ ਨਾਤੇ 'ਲੋਕ' ਵਿੱਚ ਉਹ ਸਾਰੇ ਲੱਛਣ-ਵਿਸ਼ੇਸ਼ਤਾਵਾਂ ਹਨ ਜੋ ਕਿਸੇ ਸੰਕਲਪ ਦੇ ਲੋਕਧਾਰਕ ਹੋਣ ਲਈ ਜ਼ਰੂਰੀ ਹਨ।

ਵੀਹਵੀਂ ਸਦੀ ਵਿੱਚ ਜਿੱਥੇ ਵੱਖ-ਵੱਖ ਖੇਤਰਾਂ ਨੂੰ ਵਿਗਿਆਨਿਕ ਦ੍ਰਿਸ਼ਟੀ ਰਾਹੀਂ ਅਧਿਐਨ ਦਾ ਵਿਸ਼ਾ-ਵਸਤੂ ਬਣਾਇਆ ਗਿਆ ਹੈ ਉਥੇ ਸਾਹਿਤ ਵੀ ਇਸ ਦੇ ਕਲਾਵੇ ਤੋਂ ਬਾਹਰ ਨਾ

ਰਹਿ ਸਕਿਆ। ਸਾਹਿਤ ਅਧਿਐਨ ਦੇ ਖੇਤਰ ਵਿੱਚ ਬਿਰਤਾਂਤ ਇਕ ਅਜਿਹੀ ਵਿਧੀ ਹੈ, ਜਿਸ ਰਾਹੀਂ ਉਨ੍ਹਾਂ ਅਮੂਰਤ ਨਿਯਮਾਂ ਦੀ ਵਿਉਂਤ ਦਾ ਪਤਾ ਲਗਾਇਆ ਜਾਂਦਾ ਹੈ, ਜਿਨ੍ਹਾਂ ਦੇ ਮੇਲ ਤੋਂ ਕੋਈ ਰਚਨਾ ਕਥਾ-ਪ੍ਰਬੰਧ ਵਿੱਚ ਸਿਰਜੀ ਜਾਂਦੀ ਹੈ। ਬਿਰਤਾਂਤ ਇਕ ਅੰਤਰਗਤ ਵਿਧੀ ਹੈ। ਭਾਸ਼ਾ ਵਾਂਗ ਇਸ ਦਾ ਵੀ ਇਕ ਖ਼ਾਸ ਕ੍ਰਮ ਹੁੰਦਾ ਹੈ। ਘਟਨਾਵਾਂ ਦੇ ਕ੍ਰਮ ਅੰਦਰ ਹੀ ਇਹ ਆਪਣੇ ਸੰਦੇਸ਼ ਦਾ ਸੰਚਾਰ ਕਰ ਸਕਦਾ ਹੈ। ਜਿਵੇਂ-ਜਿਵੇਂ ਮਨੁੱਖ ਵਿਕਾਸ ਕਰਦਾ ਗਿਆ ਉਸਨੇ ਦੂਜੇ ਲੋਕਾਂ ਦੀ ਆਪਣੀ ਗੱਲ ਵਿੱਚ ਰੁਚੀ ਪੈਦਾ ਕਰਨ ਲਈ ਘਟਨਾਵਾਂ ਦੀ ਤਰਤੀਬ ਬਦਲ ਉਸ ਵਿੱਚ ਤਣਾਓ, ਉਤਸੁਕਤਾ, ਰੌਚਕਤਾ ਆਦਿ ਪੈਦਾ ਕਰਨੀ ਸ਼ੁਰੂ ਕਰ ਦਿੱਤੀ।

ਬਿਰਤਾਂਤ ਦੀ ਸਰਵ-ਵਿਆਪਕਤਾ ਬਾਰੇ ਫਰਾਂਸੀਸੀ ਵਿਦਵਾਨ ਰੋਲਾਂ ਬਾਰਤ (Roland Barthes) ਦਾ ਮੱਤ ਹੈ, "ਚੰਗੇ ਜਾਂ ਮੰਦੇ ਸਾਹਿਤ ਦੀ ਵੰਡ ਕੀਤੇ ਬਿਨਾਂ ਕਿਹਾ ਜਾ ਸਕਦਾ ਹੈ ਕਿ ਬਿਰਤਾਂਤ ਅੰਤਰ-ਰਾਸ਼ਟਰੀ, ਪਰਾ-ਇਤਿਹਾਸਕ ਅਤੇ ਪਰਾ-ਸਭਿਆਚਾਰਕ ਹੁੰਦੇ ਹਨ। ਇਹ ਜੀਵਨ ਜਿੰਨੇ ਹੀ ਸਰਵ-ਵਿਆਪਕ ਹਨ।"[4] ਫਰਾਂਸ ਦੇ ਪ੍ਰਸਿੱਧ ਬਿਰਤਾਂਤ-ਸ਼ਾਸਤਰੀ ਜੈਰਲਡ ਪ੍ਰਿੰਸ (Gerald Prince) ਬਿਰਤਾਂਤ ਨੂੰ ਇੰਜ ਪਰਿਭਾਸ਼ਿਤ ਕਰਦੇ ਹਨ, "ਘੱਟੋ-ਘੱਟ ਦੋ ਅਸਲੀ ਜਾਂ ਗਲਪੀ ਘਟਨਾਵਾਂ ਜਾਂ ਹਾਲਤਾਂ ਦੀ ਕਾਲ ਤਰਤੀਬ ਵਿੱਚ ਪੇਸ਼ਕਾਰੀ ਨੂੰ ਬਿਰਤਾਂਤ ਕਿਹਾ ਜਾਂਦਾ ਹੈ।"[5]

ਕਿਸੇ ਸਾਹਿਤਕ ਰਚਨਾ ਦੇ ਸਿਰਜਣਾਤਮਕ ਨੇਮ-ਪ੍ਰਬੰਧ ਨੂੰ 'ਬਿਰਤਾਂਤ' ਦਾ ਨਾਂ ਭਾਵੇਂ ਸਾਡੇ ਆਧੁਨਿਕ ਵਿਦਵਾਨਾਂ ਨੇ ਦਿੱਤਾ ਹੈ। ਪਰ ਇਸ ਦੀਆਂ ਜੜ੍ਹਾਂ ਪੂਰਬੀ ਸਾਹਿਤ ਚਿੰਤਨ ਵਿੱਚ ਭਰਤਮੁਨੀ, ਆਚਾਰੀਆ ਭਾਮਹ, ਆਨੰਦ ਵਰਧਨ, ਆਚਾਰੀਆ ਕੁੰਤਕ, ਆਚਾਰੀਆ ਵਾਮਨ ਅਤੇ ਕਸ਼ੇਮੇਂਦ੍ਰ ਤਕ ਫੈਲੀਆਂ ਹੋਈਆਂ ਹਨ। ਪੱਛਮ ਵਿੱਚ ਪਲੈਟੋ ਅਤੇ ਅਰਸਤੂ ਤਕ ਫੈਲੀਆਂ ਹੋਈਆਂ ਹਨ। ਅਰਸਤੂ ਨੇ ਆਪਣੀ ਪੁਸਤਕ 'Aristotelian Poetics' ਵਿੱਚ ਤ੍ਰਾਸਦੀ ਦੇ ਪ੍ਰਮੁੱਖ ਤੱਤਾਂ ਬਾਰੇ ਲਿਖਦੇ ਕਿਹਾ ਹੈ, "ਕਥਾਨਕ (ਘਟਨਾ-ਪ੍ਰਬੰਧ) ਤ੍ਰਾਸਦੀ ਦਾ ਪ੍ਰਮੁੱਖ ਅੰਗ ਹੈ- ਉਹ ਤਾਂ ਇਕ ਤਰ੍ਹਾਂ, ਤ੍ਰਾਸਦੀ ਦੀ ਆਤਮਾ ਹੈ। ਚਰਿਤ੍ਰ ਦੂਸਰੀ ਥਾਵੇਂ ਹੈ।"[6] ਬਿਰਤਾਂਤ ਵਿੱਚ ਵੀ ਸਭ ਤੋਂ ਜ਼ਰੂਰੀ ਤੱਤ ਘਟਨਾ ਨੂੰ ਹੀ ਮੰਨਿਆ ਜਾਂਦਾ ਹੈ। ਘਟਨਾ ਬਾਰੇ ਟੀ. ਆਰ. ਵਿਨੋਦ ਦਾ ਕਹਿਣਾ ਹੈ, "ਬਿਆਨ ਘਟਨਾ ਦਾ ਹੀ ਸੰਭਵ ਹੈ: ਵਸਤੂ, ਦ੍ਰਿਸ਼ ਜਾਂ ਵਿਚਾਰ ਦਾ ਨਹੀਂ। ਸੋ ਘਟਨਾ ਤੋਂ ਬਿਨਾਂ ਬਿਰਤਾਂਤ ਦੀ ਹੋਂਦ ਸੰਭਵ ਨਹੀਂ। ਘਟਨਾ ਦੇ ਤਿੰਨ ਅਨਿਵਾਰੀ ਤੱਤ ਹਨ ਕਾਰਜ, ਤਨਾਉ/ਟਕਰਾਉ,

ਬਿਰਤਾਂਤਣ। ਇਨ੍ਹਾਂ ਤੱਤਾਂ ਦੇ ਸੁਭਾ ਅਤੇ ਬਿਰਤਾਂਤ ਵਿੱਚ ਵਰਤੋਂ ਦੀ ਵਿਧੀ ਦੇ ਫ਼ਰਕ ਕਾਰਣ ਬਿਰਤਾਂਤ ਦੇ ਵਿਭਿੰਨ ਰੂਪ ਹੋਂਦ ਵਿੱਚ ਆਉਂਦੇ ਹਨ ਜਿਵੇਂ ਮਿੱਥ, ਮਹਾਂ-ਕਾਵਿ, ਲੋਕ-ਕਥਾ, ਰੁਮਾਂਸ, ਨਾਵਲ ਅਤੇ ਨਿੱਕੀ ਕਹਾਣੀ।"[7] ਕੋਈ ਵੀ ਘਟਨਾ ਸਮੇਂ, ਸਥਾਨ ਤੇ ਪਰਿਸਥਿਤੀਆਂ ਆਦਿ ਤੋਂ ਬਿਨਾਂ ਸੰਭਵ ਨਹੀਂ ਅਤੇ ਇਕ ਘਟਨਾ ਦਾ ਦੂਜੀ ਘਟਨਾ ਵਿੱਚ ਘਟਣ ਹੋਣਾ ਹੀ ਬਿਰਤਾਂਤ ਦੀ ਮੁੱਢਲੀ ਸ਼ਰਤ ਹੈ। ਜ਼ਿੰਦਗੀ ਦੀ ਤਰ੍ਹਾਂ ਹਰੇਕ ਬਿਰਤਾਂਤ ਦਾ ਅਰੰਭ ਤੇ ਅੰਤ ਨਿਸ਼ਚਿਤ ਹੈ।

'ਲੋਕ' ਅਤੇ 'ਬਿਰਤਾਂਤ' ਜਦੋਂ ਇਹ ਦੋਵੇਂ ਸੰਕਲਪਮੂਲਕ ਪਦ ਆਪਣੇ ਪੂਰੇ ਅਰਥਾਂ ਨਾਲ ਇਕ ਦੂਜੇ ਨਾਲ ਜੁੜਦੇ ਹਨ ਤਾਂ 'ਲੋਕ-ਬਿਰਤਾਂਤ' ਦਾ ਸੰਕਲਪ ਸਾਰਥਕ ਰੂਪ ਵਿੱਚ ਸੁਰਜੀਤ ਹੁੰਦਾ ਹੈ। ਡਾ. ਸੁਰਜੀਤ ਸਿੰਘ ਨੇ ਲੋਕ-ਬਿਰਤਾਂਤ ਬਾਰੇ ਲਿਖਿਆ ਹੈ, "ਸਪਸ਼ਟ ਸ਼ਬਦਾਂ ਵਿਚ, ਜੇ ਸਾਹਿਤਕਾਰ ਬਿਰਤਾਂਤ ਰਚ ਸਕਦੇ ਹਨ ਤਾਂ ਜਨਸਧਾਰਨ ਵੀ ਬਿਰਤਾਂਤ ਰਚ ਰਿਹਾ ਹੈ। ਭਾਸ਼ਾ ਹੋਰ ਹੈ, ਕੋਡਜ਼ ਹੋਰ ਹਨ। ਸਿਰਜਣਾਤਮਿਕ ਜੁਗਤਾਂ ਹੋਰ ਹਨ। ਪ੍ਰਵਚਨ (Discourse) ਹੋਰ ਹਨ। ਸਮਝਣ ਦੀ ਲੋੜ ਹੈ। ਸੱਚੀ ਸੁੱਚੀ ਜ਼ਿੰਦਗੀ ਦੇ ਅਮਲ ਵਿਚ ਜੁੜੇ ਮਨੁੱਖ, ਲੇਖਕਾਂ ਦੀ ਤਰ੍ਹਾਂ, ਬਿਰਤਾਂਤ ਰਚ ਸਕਦੇ ਹਨ ਜਿਨ੍ਹਾਂ ਵਿਚ ਪਲਾਟ, ਵਿਸ਼ਾ-ਵਸਤੂ, ਨਾਇਕ, ਨਾਇਕਾਵਾਂ, ਖਲ-ਨਾਇਕ ਸਾਹਿਤਿਕ ਵਿਧੀਆਂ ਅਤੇ ਜੁਗਤਾਂ ਵਿਚ ਗੁੰਦੇ ਵੱਖ-ਵੱਖ ਰੂਪ ਮਿਲਦੇ ਹਨ। ਲੋਕਗੀਤ ਅਤੇ ਕਵਿਤਾ ਵਿਚਕਾਰ ਸੀਮਾ-ਰੇਖਾ ਖਿਚਣੀ ਅਸੰਭਵ ਹੈ।"[8]

ਲੋਕ-ਬਿਰਤਾਂਤ ਨੂੰ ਅੱਗੇ ਤਿੰਨ ਪ੍ਰਮੁੱਖ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ: 1. ਕਾਵਿ, 2. ਗਦ ਅਤੇ 3. ਮਿਸ਼ਰਿਤ। ਬਿਰਤਾਂਤ ਨੂੰ ਕਿਸੇ ਵੀ ਇਕ ਵਿਧਾ ਲਈ ਸੀਮਿਤ ਨਹੀਂ ਕੀਤਾ ਜਾ ਸਕਦਾ। ਬਿਰਤਾਂਤ ਕਵਿਤਾ ਵਿੱਚ ਵੀ ਹੋ ਸਕਦਾ ਹੈ, ਗਲਪ ਵਿੱਚ ਵੀ ਅਤੇ ਵਾਰਤਕ ਵਿੱਚ ਵੀ ਹੋ ਸਕਦਾ ਹੈ। ਬਿਰਤਾਂਤ ਇਕ ਸਰਵ-ਵਿਆਪੀ ਵਰਤਾਰਾ ਹੈ। ਲੋਕ-ਬਿਰਤਾਂਤ ਦੇ ਸੰਦਰਭ ਵਿੱਚ ਡਾ. ਕਰਨੈਲ ਸਿੰਘ ਥਿੰਦ ਦਾ ਵਿਚਾਰ ਹੈ, "ਬਿਰਤਾਂਤ ਪਦ ਨੂੰ ਕੁਝ ਵਿਦਵਾਨ ਕਹਾਣੀ ਦੇ ਸਮਾਨਾਰਥ ਇਸਤੇਮਾਲ ਕਰਦੇ ਹਨ, ਪਰੰਤੂ ਬਿਰਤਾਂਤ ਵਿਸਤ੍ਰਿਤ ਭਾਵਨਾ ਵਾਲਾ ਸ਼ਬਦ ਹੈ ਅਤੇ ਇਸ ਦੇ ਘੇਰੇ ਵਿੱਚ ਹੋਰ ਸਾਹਿਤਿਕ ਰੂਪ ਵੀ ਆ ਜਾਂਦੇ ਹਨ। ਉਦਾਹਰਨ ਵਜੋਂ ਕਵਿਤਾ ਵਿੱਚ ਕਿੱਸੇ, ਸਾਕੇ ਤੇ ਜੰਗਨਾਮੇ, ਬੀਰ ਰਸੀ ਵਾਰਾਂ ਅਤੇ ਮਹਾਂਕਾਵਿ ਆਦਿ ਵੀ ਬਿਰਤਾਂਤ ਹੀ ਹਨ। ਇਸ ਤਰ੍ਹਾਂ ਕੋਈ ਵੀ ਬਿਆਨੀਆ ਵਾਰਤਾ ਭਾਵੇਂ ਉਹ ਗਦ ਵਿੱਚ ਹੈ ਜਾਂ ਪਦ ਵਿੱਚ ਬਿਰਤਾਂਤ ਦੇ ਘੇਰੇ ਵਿੱਚ ਆ ਜਾਂਦਾ

ਹੈ।"[9]

ਬਿਰਤਾਂਤ ਦੇ ਸੁਭਾਅ ਨੂੰ ਜਾਣਨ ਲਈ ਲੋਕ-ਬਿਰਤਾਂਤ ਨੂੰ ਬੁਨਿਆਦੀ ਆਧਾਰ ਵਜੋਂ ਪੜ੍ਹਨਾ ਲਾਜ਼ਮੀ ਹੈ। ਬਿਰਤਾਂਤ ਜਾਂ ਲੋਕ-ਬਿਰਤਾਂਤ ਦਾ ਅਧਿਐਨ ਕਿਸੇ ਰੂਪਾਕਾਰ ਨੂੰ ਮੁੱਖ ਰੱਖਕੇ ਨਹੀਂ ਕੀਤਾ ਜਾ ਸਕਦਾ। ਰੋਬਰਟ ਸਕੋਲਜ ਅਤੇ ਹੋਰਾਂ (Robert Scholes and more) ਦੇ ਇਸ ਸੰਦਰਭ ਵਿੱਚ ਵਿਚਾਰ ਹਨ, "ਅਸੀਂ ਨਾਵਲ ਨੂੰ ਉਹਨਾਂ (ਲੋਕ-ਬਿਰਤਾਂਤਾਂ) ਦੀ ਥਾਂ ਰੱਖ ਇਹ ਉਮੀਦ ਕਰਦੇ ਹਾਂ ਕਿ ਸਾਰੀ ਪੱਛਮੀ ਬਿਰਤਾਂਤਕ ਪਰੰਪਰਾ ਅਤੇ ਬਿਰਤਾਂਤ ਦੀ ਪ੍ਰਕ੍ਰਿਤੀ ਦਾ ਪਤਾ ਲਗਾ ਲਵਾਂਗੇ। ਅਸੀਂ ਬਿਰਤਾਂਤਕ ਸੰਭਾਵਨਾਵਾਂ ਦਾ ਇਕ ਮਾਤਰ ਸਾਧਨ ਨਾਵਲ ਨੂੰ ਹੀ ਮੰਨਦੇ ਹਾਂ।"[10] ਜਦ ਕਿ ਬਿਰਤਾਂਤ ਵਿਸ਼ਾਲ ਅਰਥਾਂ ਦਾ ਧਾਰਨੀ ਹੈ। ਰੂਪਾਕਾਰ ਵਜੋਂ ਇਸ ਦੀ ਵਰਤੋਂ ਅਸੰਭਵ ਹੈ।

ਸੋ ਲੋਕ-ਬਿਰਤਾਂਤ ਦੀਆਂ ਉਪਰੋਕਤ ਪਰਿਭਾਸ਼ਾਵਾਂ ਇਸ ਦੇ ਕੁਝ ਪੱਖਾਂ ਨੂੰ ਮੁੱਖ ਰੱਖ ਕੇ ਕੀਤੀਆਂ ਗਈਆਂ ਹਨ। ਇਸ ਨੂੰ ਹੋਰ ਵੀ ਕਈ ਪੱਖਾਂ ਤੋਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਲੋਕ-ਬਿਰਤਾਂਤ ਦਾ ਜਿਹੜਾ ਸਰੂਪ ਉੱਪਰ ਨਜ਼ਰ ਆਉਂਦਾ ਹੈ। ਉਹ ਆਪਣੇ ਆਪ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਵਸ਼ਿਸ਼ਟ ਬਿਰਤਾਂਤ ਅਤੇ ਲੋਕ-ਬਿਰਤਾਂਤ ਵਿਚਲਾ ਫ਼ਰਕ ਲੋਕ-ਬਿਰਤਾਂਤ ਦੀਆਂ ਵਿਸ਼ੇਸ਼ਤਾਵਾਂ ਰਾਹੀਂ ਪਤਾ ਲਗਦਾ ਹੈ। ਜਿੱਥੇ ਲੋਕ-ਬਿਰਤਾਂਤ ਆਪਣੇ ਆਪ ਨੂੰ ਸਾਹਿਤ ਨਾਲੋਂ ਨਿਖੇੜਦਾ ਹੈ ਉਥੇ ਲੋਕ-ਸਮੂਹ ਦੀ ਭਾਵਨਾ ਨਾਲ ਜੁੜੇ ਲੋਕ-ਸਾਹਿਤ ਵਿੱਚ ਵਿਲੱਖਣਤਾ ਦੀ ਸਥਾਪਨਾ ਵੀ ਕਰਦਾ ਹੈ। ਲੋਕ-ਬਿਰਤਾਂਤ ਕਿਸੇ ਵੀ ਸਭਿਆਚਾਰ ਦਾ ਉਹ ਚਲ-ਚਿੱਤਰ ਹੁੰਦਾ ਹੈ ਜੋ ਸਮੇਂ-ਸਮੇਂ 'ਤੇ ਆਪਣੇ ਆਪ ਨੂੰ ਨਿਖਾਰਦਾ ਰਹਿੰਦਾ ਹੈ। ਲੋਕ-ਬਿਰਤਾਂਤ ਦੀਆਂ ਵਿਸ਼ੇਸ਼ਤਾਵਾਂ ਹਨ:

**(ੳ) ਲੋਕ-ਬਿਰਤਾਂਤ ਦਾ ਜੁੱਸਾ**

ਲੋਕ-ਬਿਰਤਾਂਤ ਵਿੱਚ ਲੋਕ-ਮਨ ਹੁੰਦਾ ਹੈ। ਲੋਕ-ਰੂੜੀਆਂ ਅਤੇ ਰੂੜ੍ਹ-ਕਥਾਵਾਂ ਇਸ ਦੀਆਂ ਹੱਡੀਆਂ ਹੁੰਦੀਆਂ ਹਨ। ਲੋਕ ਪਰੰਪਰਾ ਵਿੱਚ ਇਹ ਸੋਚਦਾ ਹੈ। ਸਰਬ ਸੰਮਤੀ ਨਾਲ ਫੈਸਲੇ ਲੈਂਦਾ ਹੈ। ਲੋਕ-ਵਿਸ਼ਵਾਸ ਰਾਹੀਂ ਕੋਈ ਕੰਮ ਕਰਦਾ ਹੈ। ਰਸਮਾਂ ਰੀਤਾਂ ਵਿੱਚ ਬੱਝਿਆ ਹੁੰਦਾ ਹੈ। ਲੋਕ-ਬਿਰਤਾਂਤ ਵਿਅਕਤੀ ਵਿਸ਼ੇਸ਼ ਤੋਂ ਸ਼ੁਰੂ ਹੋ ਕਾਫ਼ਲੇ ਦਾ ਰੂਪ ਧਾਰ ਇਕ ਅਮੁੱਕ ਸਫ਼ਰ ਦੀ ਯਾਤਰਾ ਕਰਦਾ ਹੈ। ਲੋਕ-ਬਿਰਤਾਂਤ ਵਿਚਲੀ ਜ਼ਿੰਦਗੀ ਹਰ ਕਿਸੇ ਨੂੰ ਪ੍ਰਭਾਵਿਤ ਕਰਦੀ ਹੈ। ਬੱਚੇ ਸੁਪਨੇ ਅਤੇ ਵੱਡੇ ਯਥਾਰਥ ਵਿੱਚ ਅਜਿਹੀ ਜ਼ਿੰਦਗੀ

ਬਿਤਾਉਣ ਦੀ ਕਲਪਨਾ ਕਰਦੇ ਹਨ। ਲੋਕ-ਬਿਰਤਾਂਤ ਵਿੱਚ ਦੋ ਕਿਸਮ ਦਾ ਸੰਸਾਰ ਹੁੰਦਾ ਹੈ; ਇਕ ਉਹ ਜਿਥੇ ਮਨੁੱਖ ਰਹਿੰਦਾ ਹੈ ਅਤੇ ਦੂਜਾ ਉਹ ਜਿੱਥੇ ਮਨੁੱਖ ਰਹਿੰਦਾ ਤਾਂ ਨਹੀਂ ਪਰ ਰਹਿਣ ਦੀ ਇੱਛਾ ਰੱਖਦਾ ਹੈ। ਇਸ ਤਰ੍ਹਾਂ ਜੋ ਕੁਝ ਵੀ ਮਨੁੱਖ ਇਸ ਸੰਸਾਰ ਵਿੱਚ ਦੇਖਦਾ ਪਰਖਦਾ ਹੈ ਬਿਲਕੁਲ ਉਸ ਦੇ ਉਲਟ ਜਾਂ ਬਿਹਤਰ ਦੂਜੇ ਸੰਸਾਰ ਬਾਰੇ ਸੋਚਦਾ ਹੈ। ਉਦਾਹਰਨ ਵਜੋਂ ਜੇ ਮਨੁੱਖ ਦਾ ਝੂਠ ਪ੍ਰਤੀ ਮਾੜਾ ਅਨੁਭਵ ਹੈ ਤਾਂ ਉਹ ਸੱਚ ਦੀ ਕਲਪਨਾ ਦੂਜੇ ਸੰਸਾਰ ਵਿੱਚ ਕਰਦਾ ਹੈ।

**(ਅ) ਨੈਤਿਕ ਕਦਰਾਂ-ਕੀਮਤਾਂ ਦਾ ਸੰਗ੍ਰਹਿ**

ਕਿਸੇ ਵੀ ਨੈਤਿਕ ਮੁੱਲ ਨੂੰ ਜੇ ਸਿੱਧੇ ਹੀ ਲਾਗੂ ਕੀਤਾ ਜਾਵੇ ਤਾਂ ਉਸ ਤੇ ਕੋਈ ਅਮਲ ਨਹੀਂ ਕਰੇਗਾ ਜਾਂ ਬਹੁਤ ਜਲਦੀ ਭੁੱਲ ਜਾਵੇਗਾ ਪਰ ਜੇ ਉਸ ਮੁੱਲ ਨਾਲ ਕੋਈ ਘਟਨਾ-ਚੱਕਰ ਜੋੜ ਦਿੱਤਾ ਜਾਵੇ ਜਿਸ ਵਿੱਚ ਉਸ ਮੁੱਲ ਨੂੰ ਮੰਨਣ ਜਾਂ ਨਾ ਮੰਨਣ ਦੇ ਜੋ ਕ੍ਰਮਵਾਰ ਫ਼ਾਇਦੇ, ਨੁਕਸਾਨ ਹੁੰਦੇ ਹਨ ਉਨ੍ਹਾਂ ਨੂੰ ਮਹਿਸੂਸ (ਜਾਂ ਅਨੁਭਵ) ਕੀਤਾ ਜਾਵੇ ਤਾਂ ਉਸ ਦਾ ਪ੍ਰਭਾਵ ਜ਼ਿਆਦਾ ਪਵੇਗਾ। ਇਹ ਬਿਲਕੁਲ ਉਵੇਂ ਹੀ ਹੈ ਜਿਵੇਂ ਕਿਹਾ ਜਾਂਦਾ ਕਿ “Practical knowledge is better than bookish knowledge”. ਜਦੋਂ ਅਸੀਂ ਕੋਈ ਬਿਰਤਾਂਤ ਸੁਣਾ ਰਹੇ ਹੁੰਦੇ ਹਾਂ ਤਾਂ ਸਰੋਤਾ ਆਪਣੇ ਆਪ ਨੂੰ ਉਸ ਨਾਇਕ ਜਾਂ ਮੁੱਖ ਪਾਤਰ ਨਾਲ ਇੰਜ ਜੋੜ ਲੈਂਦਾ ਹੈ ਕਿ ਉਸ ਦੇ ਸੁੱਖ ਵਿੱਚ ਹਾਸੇ ਤੇ ਦੁੱਖ ਵਿੱਚ ਰੋਣ ਨੂੰ ਅਨੁਭਵ ਕਰਦਾ ਹੈ ਤੇ ਬਿਰਤਾਂਤ ਦੇ ਅੰਤ ਤਕ ਇਕ ਤਰ੍ਹਾਂ ਨਾਇਕ ਦੀ ਜ਼ਿੰਦਗੀ ਜੀ ਚੁੱਕਾ ਹੁੰਦਾ ਹੈ। ਇਸਦਾ ਪ੍ਰਭਾਵ ਕੁਝ ਸਮੇਂ ਤਕ ਅਸੀਂ ਆਪਣੇ ਆਪ ’ਤੇ ਵੀ ਦੇਖ ਸਕਦੇ ਹਾਂ। ਮੁੱਲ (Moral values) ਅਮੂਰਤ ਪ੍ਰਵਚਨ ਹੁੰਦੇ ਹਨ ਪਰ ਲੋਕ-ਮਨ ਕਿਸੇ ਵੀ ਅਮੂਰਤ ਵਸਤੂ ਵਿੱਚ ਵਿਸ਼ਵਾਸ ਨਹੀਂ ਰੱਖਦਾ। ਉਹ ਸਭ ਕੁਝ ਨੂੰ ਆਕਾਰ ਯੁਕਤ ਤੇ ਦੇਹਧਾਰੀ ਮੰਨਦਾ ਹੈ। ਅਮੂਰਤ ਨੂੰ ਸਮੂਰਤ ਰੂਪ ਵਿੱਚ ਦੇਖਣਾ ਲੋਕ-ਮਨ ਦਾ ਸੁਭਾਅ ਹੈ। ਇਸੇ ਕਰਕੇ ਕਿਸੇ ਨੈਤਿਕ ਮੁੱਲ ਨੂੰ ਅਪਣਾਉਣ ਲਈ ਉਸ ਦੁਆਲੇ ਬਿਰਤਾਂਤ ਦੀ ਸਿਰਜਣਾ ਕੀਤੀ ਜਾਂਦੀ ਹੈ। ਇਸ ਨਾਲ ਉਸ ਨੂੰ ਮੰਨਣ ਵਾਲਿਆਂ ਦੀ ਗਿਣਤੀ ਵੱਧਦੀ ਹੈ ਤੇ ਕੋਈ ਵੀ ਮੁੱਲ ਸਿਰਫ਼ ਮੁੱਲ ਨਾ ਰਹਿ ਕੇ ਕਿਸੇ ਕਥਾ ਕਹਾਣੀ ਲਈ ਰੂੜ੍ਹ ਹੋ ਕੇ ਅਪਣਾ ਵਜੂਦ ਗ੍ਰਹਿਣ ਕਰਦਾ ਹੈ।

**(ੲ) ਮੁੱਢਲੇ ਪੈਮਾਨਿਆਂ ਦਾ ਸਿਰਜਕ**

ਕਿਸੇ ਵੀ ਦੇਸ਼, ਕੌਮ ਜਾਂ ਸਮਾਜ ਦੇ ਸੁੰਦਰਤਾ ਦੇ ਪੈਮਾਨੇ, ਕਾਰਜ ਕੁਸ਼ਲਤਾ ਦਾ ਪ੍ਰਗਟਾ,

ਸਰੀਰਕ ਸੁਡੋਲਤਾ ਆਦਿ ਦੇ ਪੱਖ ਬੇਸ਼ੱਕ ਉਥੋਂ ਦੇ ਜਲਵਾਯੂ 'ਤੇ ਨਿਰਭਰ ਕਰਦੇ ਹਨ। ਪਰ ਇਸ ਸਭ ਨੂੰ ਸਮਝਣ ਲਈ ਉਸ ਖੇਤਰ ਵਿਸ਼ੇਸ਼ ਦੀਆਂ ਲੋਕ-ਕਹਾਣੀਆਂ ਇਕ ਵੱਡਮੁੱਲਾ ਸਰੋਤ ਬਣਦੀਆਂ ਹਨ। ਜੀ. ਪਲੈਖ਼ਾਨੋਵ ਦੁਆਰਾ ਦਿੱਤੀ ਬਾਟੋਕੇ ਕਬੀਲੇ ਦੀ ਉਦਾਹਰਣ ਇਸ ਸੰਦਰਭ ਵਿੱਚ ਦੇਖੀ ਜਾ ਸਕਦੀ ਹੈ, "ਜ਼ਾਮਬੇਜ਼ੀ ਦੇ ਧੁਰ ਉਪਰਲੇ ਇਲਾਕੇ ਵਿੱਚ ਰਹਿਣ ਵਾਲੇ ਬਾਟੋਕੇ ਕਬੀਲੇ ਦੇ ਲੋਕ ਉਸ ਆਦਮੀ ਨੂੰ ਕੋਝਾ ਸਮਝਦੇ ਹਨ ਜਿਸ ਦੇ ਉਪਰਲੇ ਜਬਾੜੇ ਦੇ ਸਾਮ੍ਹਣੇ ਦੋ ਦੰਦ ਟੁਟੇ ਹੋਏ ਨਾ ਹੋਣ।"[11]

ਲੋਕ-ਬਿਰਤਾਂਤ ਬੱਚੇ ਦੀ ਪ੍ਰਾਇਮਰੀ ਸਿੱਖਿਆ ਦਾ ਇਕ ਹਿੱਸਾ ਹਨ ਜੋ ਉਸ ਨੂੰ ਘਰੇਲੂ ਸਕੂਲ (ਘਰ) ਵਿੱਚ ਬਜ਼ੁਰਗਾਂ ਪਾਸੋਂ ਮਿਲਦਾ ਹੈ। ਇਸ ਸੰਦਰਭ ਵਿੱਚ ਡਾ. ਗੁਰਚਰਨ ਸਿੰਘ ਅਰਸ਼ੀ ਲਿਖਦੇ ਹਨ, "ਬੰਦੇ ਦਾ ਸੁਭਾ, ਸੌਂਦਰਬੋਧ ਅਤੇ ਉਸ ਦੇ ਵਿਸ਼ਵਾਸ-ਦ੍ਰਿਸ਼ਟੀਕੋਣ, ਜੋ ਬਚਪਨ ਵਿੱਚ ਸ਼ਕਲ ਅਖ਼ਤਿਆਰ ਕਰਦੇ ਹਨ ਅਤੇ ਮਗਰਲੇ ਜੀਵਨ ਵਿੱਚ ਦ੍ਰਿੜ ਹੁੰਦੇ ਜਾਂਦੇ ਹਨ, ਨੂੰ ਇਹੋ ਹੀ ਸ਼ਾਬਦਿਕ ਅਤੇ ਮੌਖਿਕ ਪਰੰਪਰਾਵਾਂ ਘੜਦੀਆਂ ਹਨ। ਵਿਆਪਕ ਨਿਰਅੱਖਰ ਸੰਸਕ੍ਰਿਤੀ ਵਿਚ ਹਰ ਕੋਈ- ਭਾਵੇਂ ਉਹ ਗ਼ਰੀਬ ਹੋਵੇ ਜਾਂ ਅਮੀਰ, ਕੁਲੀਨ ਹੋਵੇ ਜਾਂ ਸ਼ੂਦਰ, ਪ੍ਰੋਫ਼ੈਸਰ ਹੋਵੇ ਜਾਂ ਪੰਡਤ ਅਥਵਾ ਅਗਿਆਨੀ, ਇੰਜੀਨੀਅਰ ਹੋਵੇ ਜਾਂ ਫੇਰੀ ਵਾਲਾ- ਉਸ ਦੇ ਅੰਦਰ ਇਕ ਵੱਡਾ ਨਿਰਅੱਖਰ ਉਪਮਹਾਦੀਪ ਮੌਜੂਦ ਹੁੰਦਾ ਹੈ।"[12]

**(ਸ) ਪਾਤਰਾਂ ਦਾ ਨਾਮਕਰਣ ਸੁਭਾਅ ਅਨੁਕੂਲਿਤ**

ਸਾਡੇ ਪਿੰਡਾਂ ਵਿੱਚ ਆਮ ਦੇਖਿਆ ਜਾਂਦਾ ਹੈ ਕਿ ਹਰੇਕ ਬੰਦੇ ਦੇ ਘੱਟੋ ਘੱਟ ਦੋ ਨਾਂ ਤਾਂ ਮਿਲ ਹੀ ਜਾਂਦੇ ਹਨ; ਇਕ ਉਹ ਜਿਸ ਨੂੰ ਪੋਥੀਆਂ ਦੇ ਅੱਖਰ ਉਤੇ ਰੱਖਿਆ ਜਾਂਦਾ ਹੈ ਤੇ ਦੂਜਾ ਉਹ ਜਿਸ ਨੂੰ ਮਨੁੱਖ ਨੇ ਖ਼ੁਦ ਆਪਣੇ ਚਰਿੱਤਰ (ਚਾਲ ਚਲਨ) ਦੇ ਆਧਾਰ 'ਤੇ ਕਮਾਇਆ ਹੁੰਦਾ ਹੈ। ਸਾਰੀਆਂ ਲੋਕ-ਕਹਾਣੀਆਂ ਕਿਸੇ ਵਿਅਕਤੀ ਵਿਸ਼ੇਸ਼ ਦੀ ਭਾਵੇਂ ਕਿਰਤ ਹੁੰਦੀਆਂ ਹਨ ਪਰ ਇਸ ਦੀ ਬਣਾਵਟ ਉਸ ਵਿਸ਼ੇਸ਼ ਨੂੰ ਤਿਆਗ ਆਮ ਲੋਕਾਂ ਦੇ ਹਾਣ ਦੀ ਹੋ ਚੁੱਕੀ ਹੁੰਦੀ ਹੈ। ਇਸ ਕਰਕੇ ਇਨ੍ਹਾਂ ਵਿੱਚ ਜਿਸ ਤਰ੍ਹਾਂ ਦਾ ਚਰਿੱਤਰ ਪੇਸ਼ ਹੋਇਆ ਹੁੰਦਾ ਹੈ ਉਸਦੇ ਅਨੁਸਾਰੀ ਪਾਤਰ ਦਾ ਨਾਮਕਰਨ ਕਰ ਦਿੱਤਾ ਜਾਂਦਾ ਹੈ। ਇਕ ਅੰਗਰੇਜ਼ੀ ਦੀ ਕਹਾਵਤ ਹੈ ਕਿ "If wealth is lost nothing is lost, if health is lost something is lost, but if character is lost everything is lost". ਲੋਕ-ਕਹਾਣੀਆਂ ਵਿੱਚ ਪਾਤਰਾਂ ਦੇ ਨਾਂ ਉਨ੍ਹਾਂ ਦੇ ਸੁਭਾਅ ਦੀ ਪ੍ਰਤੀਨਿਧਤਾ ਕਰਦੇ ਹਨ। ਜੇ ਕਿਸੇ

ਦਾ ਨਾਂ 'ਬਹਾਦਰ' ਹੋਵੇਗਾ ਤਾਂ ਉਹ ਅਮੀਰ ਹੀ ਹੋਵੇਗਾ ਭਾਵੇਂ ਕਿਸੇ ਖੇਤਰ 'ਚ ਹੋਵੇ। ਇਸੇ ਤਰ੍ਹਾਂ ਨਿਹਾਲਾ, ਦਾਨਾ, ਸੰਤੂ, ਗੋਬਿੰਦਾ ਆਦਿ ਨਾਂ ਆਪਣੇ ਕਿਰਦਾਰ ਦੇ ਸੁਭਾਅ ਦਾ ਅੰਸ਼ ਮਾਤਰ ਹਨ। ਇਸ ਦੇ ਉਲਟ ਰੁਲੀਆ, ਕਾਮਨੀ, ਝਗੜੂ, ਡਕੈਤ, ਘੁਮੰਡ ਆਦਿ ਨਕਾਰਾਤਮਕ ਪ੍ਰਕ੍ਰਿਤੀ ਦੇ ਧਾਰਨੀ ਹਨ। ਲੋਕ-ਬਿਰਤਾਂਤ ਵਿੱਚ ਪਾਤਰਾਂ ਦੇ ਨਾਵਾਂ ਤੋਂ ਵਿਭਿੰਨ ਧਰਮਾਂ ਨਾਲ ਸੰਬੰਧਿਤ ਹੋਣ ਦਾ ਪਤਾ ਲਗਦਾ ਹੈ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬ ਦਾ ਸੀਨਾ ਐਨਾ ਚੌੜਾ ਹੈ ਕਿ ਇਸ ਵਿੱਚ ਵਿਭਿੰਨ ਧਰਮਾਂ, ਜਾਤਾਂ, ਕੌਮਾਂ ਦੇ ਲੋਕਾਂ ਲਈ ਥਾਂ ਹੈ। ਜਿਆਦਾਤਰ ਲੋਕ-ਬਿਰਤਾਂਤ ਵਿੱਚ ਪਾਤਰ ਦੇ ਕਿਰਦਾਰ ਨੂੰ ਉਸ ਦੇ ਸਮਾਜਕ ਰੁਤਬੇ ਕਰਕੇ ਯਾਦ ਰੱਖਿਆ ਜਾਂਦਾ ਹੈ। ਜਿਵੇਂ ਰਾਜਾ, ਰਾਣੀ, ਸੌਦਾਗਰ, ਸ਼ਾਹੂਕਾਰ, ਜੱਟ, ਬ੍ਰਾਹਮਣ, ਮੁੱਲਾਂ, ਹਕੀਮ, ਸਾਧ, ਗ੍ਰਹਿਸਤੀ, ਮਹਾਤਮਾ, ਫਕੀਰ, ਸਾਧੂ, ਜੋਗੀ ਆਦਿ। ਇਹ ਨਾਂ ਹੀ ਬਿਰਤਾਂਤ ਵਿੱਚ ਉਨ੍ਹਾਂ ਦੀ ਵੱਖਰਤਾ ਤੇ ਪਹਿਚਾਣ ਦਾ ਕਾਰਨ ਬਣਦੇ ਹਨ।

**(ਹ) ਲੋਕ-ਸੰਸਕ੍ਰਿਤੀ ਦਾ ਪ੍ਰਤੀਬਿੰਬਕ**

ਲੋਕ-ਬਿਰਤਾਂਤ ਵਿੱਚ ਉਸ ਦੇਸ਼ ਦੀ ਸੰਸਕ੍ਰਿਤੀ ਪ੍ਰਤੀਬਿੰਬਤ ਹੁੰਦੀ ਹੈ, ਜਿਥੇ ਇਹ ਪੈਦਾ ਹੋਈਆਂ ਹੁੰਦੀਆਂ ਹਨ। ਯੂਨਾਨ, ਮਿਸਰ, ਈਰਾਨ ਵਿੱਚ ਦੁਖਾਂਤਕ ਬਿਰਤਾਂਤ ਪਸੰਦ ਕੀਤੇ ਜਾਂਦੇ ਹਨ ਪਰ ਭਾਰਤ ਵਿੱਚ ਸੁਖਾਂਤ। ਇਸ ਬਾਰੇ ਮੋਹਨ ਸਿੰਘ ਉਬਰਾ ਦੀਵਾਨਾ ਲਿਖਦਾ ਹੈ, "ਅਗਲਿਆਂ ਪਿਛਲਿਆਂ ਕਰਮਾਂ ਨੂੰ ਲਿਆਉਣਾ ਤੇ ਰੱਬੀ ਸਹਾਇਤਾ ਦੀ ਹਰ ਲੋੜ ਵੇਲੇ ਆਮਦ ਦੇ ਨਜ਼ਾਰੇ ਭਾਰਤੀ ਬਿਸੁਆਸ-ਵਾਦੀਆਂ ਲਈ ਬੜੇ ਉਤਸਾਹ ਦੇਣ ਵਾਲੇ ਤੇ ਸਾਹਰਾ ਬਨ੍ਹਾਣ-ਵਾਲੇ ਹਨ। ਹੌਂਸਲਾ ਰੱਖੋ, ਰਬੀ ਇਮਦਾਦ ਕਿਸੇ ਨਾਂ ਕਿਸੇ ਸੂਰਤ ਵਿੱਚ ਪੁਜੇਗੀ। ਤੁਸੀਂ ਕਰਮ-ਨਿਸ਼ਠ ਬਣੇ ਰਹੋ। ਜੋਗੀ ਫਕੀਰ ਪੁੱਜੇਗਾ, ਵਿਉਂਤ ਦੱਸੇਗਾ, ਵਰ ਦੇਵੇਗਾ, ਸਰਾਪ ਦੇਵੇਗਾ। ਜਾਨਵਰ ਬੋਲਣਗੇ। ਰਾਹ ਜਾਂਦਾ ਦਇਆਵਾਨ ਤੇ ਮਿਲਵਰਤੀ ਬਣੇਗਾ। ਪਰੀਆਂ ਤੇ ਦੇਉ ਤਰਸਵਾਨ ਹੋਣਗੇ।"[13] ਭਾਵੇਂ ਇਹ ਸਭ ਇਕ ਸੁਹਜਮਈ ਵਾਤਾਵਰਨ ਸਿਰਜ ਰਹੇ ਬਿਰਤਾਂਤ ਬਾਰੇ ਗੱਲਾਂ ਹਨ ਪਰ ਭਾਰਤੀ ਸੰਸਕ੍ਰਿਤੀ ਵਿੱਚ ਇਕ ਸਮਾਂ ਸੀ ਜਦ ਇਨ੍ਹਾਂ ਗੱਲਾਂ ਨੂੰ ਸੱਚ ਮੰਨਿਆ ਜਾਂਦਾ ਸੀ। ਸ਼ਾਇਦ ਇਸੇ ਲਈ ਭਾਰਤ ਨੂੰ ਦੇਵੀ ਦੇਵਤਿਆਂ ਦੀ ਧਰਤੀ ਵਜੋਂ ਸੰਸਾਰ ਭਰ ਵਿੱਚ ਜਾਣਿਆ ਜਾਂਦਾ ਹੈ। ਭਾਰਤੀ ਸੰਸਕ੍ਰਿਤੀ ਦੇ ਇਸ ਰੂਪ ਦੇ ਪਰਛਾਵੇਂ ਭਾਰਤੀ ਜਾਂ ਪੰਜਾਬੀ ਲੋਕ-ਬਿਰਤਾਂਤ ਵਿੱਚ ਦੇਖੇ ਜਾ ਸਕਦੇ ਹਨ।

**(ਕ) ਭਾਵਾਂ ਦਾ ਸਮੂਰਤੀਕਰਣ**

ਬਹੁਤ ਸਾਰੇ ਭਾਵ ਲੋਕ-ਬਿਰਤਾਂਤ ਵਿੱਚ ਆ ਕੇ ਸਮੂਰਤ ਹੋ ਜਾਂਦੇ ਹਨ। ਖੁਸ਼ੀ, ਗ਼ਮੀ, ਕ੍ਰੋਧ, ਘ੍ਰਿਣਾ ਆਦਿ ਭਾਵਾਂ ਨੂੰ ਇਕ ਤੋਂ ਦੂਜੇ ਤੱਕ ਸੰਚਾਰ ਕਰਨ ਲਈ ਰੂਪਕੀ ਢੰਗ ਦੀ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਰੂਪਕਾਂ ਦਾ ਲੋਕ-ਸਭਿਆਚਾਰ ਵਿਸ਼ੇਸ਼ ਨਾਲ ਸੰਬੰਧ ਹੁੰਦਾ ਹੈ। ਇਸ ਤਰ੍ਹਾਂ ਇਹਨਾਂ ਦੇ ਵੀ ਅੱਗੇ ਲੋਕ-ਦਾਇਰੇ ਹੁੰਦੇ ਹਨ। ਮਿਥਿਕ ਕਥਾਵਾਂ ਵਿੱਚ ਭਾਵਾਂ ਦੇ ਸਮੂਰਤੀਕਰਨ ਦੀ ਵਰਤੋਂ ਵਧੇਰੇ ਕੀਤੀ ਜਾਂਦੀ ਹੈ। ਉਦਾਹਰਨ ਦੇ ਤੌਰ ’ਤੇ ਜੇ ਸ਼ਾਂਤ ਤੇ ਨਿਰਮਲ ਭਾਵਾਂ ਨੂੰ ਪੇਸ਼ ਕਰਨਾ ਹੁੰਦਾ ਹੈ ਤਾਂ ਪਾਣੀ ਦੇ ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ। ਉਹ ਵੀ ਬੋਲਦਾ, ਸੁਣਦਾ ਤੇ ਮਨੁੱਖ ਵਾਂਗ ਹੀ ਮਹਿਸੂਸ ਕਰਦਾ ਪਾਣੀ। ਕਈ ਲੋਕ-ਬਿਰਤਾਂਤਾਂ ਵਿੱਚ ਮਨੁੱਖ ਆਪਣੇ ਅੰਦਰਲੇ ਚੰਗੇ ਮੰਦੇ ਭਾਵਾਂ ਨਾਲ ਗੱਲ ਕਰਦਾ ਨਜ਼ਰ ਆਉਂਦਾ ਹੈ।

**(ਖ) ਲੋਕ-ਬਿਰਤਾਂਤ ਦਾ ਉਥਾਨ**

ਲੋਕ-ਬਿਰਤਾਂਤ ਵਿੱਚ ਬੜੀ ਸਮਰੱਥਾ ਹੁੰਦੀ ਹੈ। ਇਸ ਸਮਰੱਥਾ ਕਰਕੇ ਹੀ ਇਹ ਕਦੇ ਮਰਦਾ ਨਹੀਂ ਬਲਕਿ ਅੱਗੇ ਤੋਂ ਅੱਗੇ ਰੂਪਾਂਤਰਣ ਹੋ ਜਾਂਦਾ ਹੈ। ਇਸ ਸੰਦਰਭ ਵਿੱਚ ਡਾ. ਵਣਜਾਰਾ ਬੇਦੀ ਦਾ ਮੱਤ ਹੈ, “ਜਦੋਂ ਕਿਸੇ ਕਹਾਣੀ ਦਾ ਉਥਾਨ ਹੁੰਦਾ ਹੈ ਤਾਂ ਉਹ ਹੇਠੋਂ ਉੱਪਰ ਵਲ ਚੜ੍ਹਦੀ ਹੈ। ਕਲਪਿਤ ਕਹਾਣੀ ਕਿਸੇ ਇਤਿਹਾਸਿਕ ਵਿਅਕਤੀ ਨਾਲ ਜੁੜ ਕੇ ਦੰਦ ਕਥਾ ਅਤੇ ਕਿਸੇ ਦੇਵ-ਪੁਰਸ਼ ਨਾਲ ਜੁੜ ਕੇ ਮਿਥ ਦਾ ਰੂਪ ਧਾਰ ਲੈਂਦੀ ਹੈ।”[14] ਡਾ. ਗੁਰਚਰਨ ਸਿੰਘ ਅਰਸ਼ੀ ਦੇ ਲੋਕ-ਬਿਰਤਾਂਤ ਦੀ ਸਮਰੱਥਾ ਨੂੰ ਉਜਾਗਰ ਕਰਦੇ ਵਿਚਾਰ ਇਸ ਤਰ੍ਹਾਂ ਹਨ, “ਜੋ ਕਹਾਣੀਆਂ ਅੱਜ ਅਸੀਂ ਦੱਖਣੀ ਭਾਰਤ ਦੇ ਕਿਸੇ ਪੇਂਡੂ ਗਲਾਕੜ ਤੋਂ ਸੁਣਦੇ ਹਾਂ (ਇਹ ਮੈਂ ਆਪਣੇ ਅਨੁਭਵ ਤੋਂ ਜਾਣਦਾ ਹਾਂ) ਉਹ ਬਿਲਕੁਲ ਉਹੋ ਹੀ ਕਹਾਣੀਆਂ ਹਨ- ਘਟਨਾ (ਤਾਤਪਰਜ)-ਦਰ-ਘਟਨਾ ਜਿਨ੍ਹਾਂ ਨੂੰ ਅੰਗਰੇਜ਼ੀ-ਭਾਸ਼ੀ ਦੁਨੀਆਂ ‘ਗ੍ਰੀਕ ਈਡੀਪਸ’ ਜਾਂ ਸ਼ੈਕਸਪੀਅਰ ਦੁਆਰਾ ਲਿਖਿਤ ‘ਕਿੰਗ ਲਿਅਰ’ ਦੇ ਨਾਂ ਨਾਲ ਜਾਣਦੀ ਹੈ।”[15] ਇਸ ਤਰ੍ਹਾਂ ਲੋਕ-ਬਿਰਤਾਂਤ ਲੋਕ-ਸਾਹਿਤ ਤੋਂ ਸਾਹਿਤ ਤੱਕ ਦਾ ਸਫ਼ਰ ਵੀ ਕਰਦਾ ਹੈ।

**(ਗ) ਲੋਕ-ਬਿਰਤਾਂਤ ਵਿੱਚ ਲਚਕਤਾ**

ਲੋਕ-ਬਿਰਤਾਂਤ ਆਪਣੇ ਆਪ ਵਿੱਚ ਇਕ ਸੰਗਠਿਤ ਕ੍ਰਮਬੰਧ ਕਥਾ-ਸਮੱਗਰੀ ਹੁੰਦੀ ਹੈ। ਇਸ ਦੀਆਂ ਵਿਸ਼ੇਸ਼ਤਾਵਾਂ ਦਾ ਉਭਾਰ ਸੁਣਾਉਣ ਵਾਲੇ ਦੀ ਯੋਗਤਾ ’ਤੇ ਨਿਰਭਰ ਕਰਦਾ

ਹੈ। ਹਰੇਕ ਮਨੁੱਖ ਆਪਣੇ ਅਨੁਭਵ ਸੰਸਾਰ ਵਿੱਚੋਂ ਘਟਨਾਵਾਂ ਨੂੰ ਲੈ ਕੇ ਲੋਕ-ਬਿਰਤਾਂਤਕ ਘਟਨਾਵਾਂ ਨਾਲ ਅੰਤਰ-ਸੰਬੰਧਿਤ ਕਰ ਕੇ ਪੇਸ਼ ਕਰਦਾ ਹੈ। ਇਸ ਤਰ੍ਹਾਂ ਹਰੇਕ ਲੋਕ-ਬਿਰਤਾਂਤ ਨਵੇਂ ਅਨੁਭਵਾਂ ਨੂੰ ਆਪਣੇ ਵਿੱਚ ਸਮਾ ਕੇ ਪ੍ਰਸਤੁਤ ਹੁੰਦਾ ਹੈ। ਜਿਵੇਂ ਹਰੇਕ ਮਨੁੱਖ ਦਾ ਜੀਵਨ ਪੱਧਰ ਸਮਾਨ ਨਹੀਂ ਹੁੰਦਾ, ਉਵੇਂ ਹਰੇਕ ਮਨੁੱਖ ਦਾ ਅਨੁਭਵ ਸੰਸਾਰ ਵੀ ਸਮਾਨ ਨਹੀਂ ਹੁੰਦਾ। ਅਨੁਭਵਾਂ ਦੀ ਭਿੰਨਤਾ ਲੋਕ-ਬਿਰਤਾਂਤ ਨੂੰ ਨਵੀਨਤਾ ਪ੍ਰਦਾਨ ਕਰਦੀ ਹੈ। ਇਸ ਕਰਕੇ ਹਰੇਕ ਯੁੱਗ ਦੀ ਕਥਾ-ਸਮੱਗਰੀ ਆਪਣੇ ਯੁੱਗ ਦੇ ਅਨੁਭਵ ਦੀ ਹਾਣ ਦੀ ਹੁੰਦੀ ਹੈ। ਲੋਕ-ਬਿਰਤਾਂਤਾਂ ਵਿਚਲੀ ਇਹ ਲਚਕਤਾ ਇਸ ਦੀ ਉਮਰ ਵੱਡੀ ਕਰਦੀ ਹੈ।

ਸੋ ਲੋਕ-ਬਿਰਤਾਂਤ ਮਾਨਵੀਕਰਨ, ਸਮੂਰਤੀਕਰਨ, ਪ੍ਰਕਿਰਤੀਕਰਨ ਆਦਿ ਵਿਧੀਆਂ ਰਾਹੀਂ ਸਾਡੇ ਲੋਕ-ਜੀਵਨ ਨੂੰ ਨਾ ਸਿਰਫ਼ ਘਟਨਾ ਕ੍ਰਮ ਵਿੱਚ ਅਭਿਵਿਅਕਤ ਕਰਦਾ ਹੈ ਬਲਕਿ ਇਸ ਨੂੰ ਉਦੇਸ਼ਾਤਮਕ ਨਜ਼ਰੀਏ ਰਾਹੀਂ ਦਰਸਾਉਂਦਾ ਵੀ ਹੈ। ਇਸ ਦੀਆਂ ਉਪਰੋਕਤ ਵਿਸ਼ੇਸ਼ਤਾਵਾਂ ਲੋਕਧਾਰਾਈ ਵੰਨਗੀਆਂ ਤੋਂ ਵੀ ਵਿਲੱਖਣਤਾ ਪ੍ਰਦਾਨ ਕਰਦੀਆਂ ਹਨ। ਲੋਕ-ਬਿਰਤਾਂਤ ਵਿਚਲੀ ਸਰਲਤਾ, ਸਪੱਸ਼ਟਤਾ ਅਤੇ ਸੰਵੇਦਨਸ਼ੀਲਤਾ ਇਸ ਨੂੰ ਹਰ ਵਰਗ ਦੇ ਲੋਕਾਂ ਦੀ ਦਿਲਚਸਪੀ ਦਾ ਕੇਂਦਰ ਬਣਾਉਂਦੀ ਹੈ। ਲੋਕ-ਬਿਰਤਾਂਤ ਲੋਕ-ਜੀਵਨ, ਲੋਕ-ਵਿਸ਼ਵਾਸਾਂ, ਰਸਮਾਂ-ਰੀਤਾਂ ਅਤੇ ਲੋਕ-ਸੰਸਕ੍ਰਿਤੀ ਦਾ ਪ੍ਰਤੀਬਿੰਬ ਹੁੰਦਾ ਹੈ। ਇਹ ਲੋਕ-ਮਨ ਨਾਲ ਜੁੜਿਆ ਹੋਇਆ ਹੋਣ ਕਰਕੇ ਮਨੁੱਖੀ ਜੀਵਨ ਦੇ ਸੁਖ-ਦੁੱਖ, ਕਲਪਨਾਵਾਂ ਅਤੇ ਆਦਰਸ਼ਾਂ ਨੂੰ ਦਰਸਾਉਂਦਾ ਹੈ। ਲੋਕ-ਬਿਰਤਾਂਤ ਨੈਤਿਕ ਕਦਰਾਂ-ਕੀਮਤਾਂ ਨੂੰ ਕਹਾਣੀ ਰੂਪ ਵਿੱਚ ਪੇਸ਼ ਕਰਕੇ ਲੋਕਾਂ ’ਤੇ ਡੂੰਘਾ ਪ੍ਰਭਾਵ ਪਾਉਂਦਾ ਹੈ ਅਤੇ ਬੱਚਿਆਂ ਦੀ ਪ੍ਰਾਰੰਭਿਕ ਸਿੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਤਰ੍ਹਾਂ ਲੋਕ-ਬਿਰਤਾਂਤ ਸਮੇਂ ਦੇ ਨਾਲ ਰੂਪਾਂਤਰਿਤ ਹੁੰਦਾ ਰਹਿੰਦਾ ਹੈ ਅਤੇ ਆਪਣੀ ਲਚਕਤਾ ਕਰਕੇ ਹਰ ਯੁੱਗ ਦੇ ਅਨੁਭਵਾਂ ਨੂੰ ਆਪਣੇ ਵਿੱਚ ਸਮਾ ਲੈਂਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਤੇ ਜਤਿੰਦਰ ਬੇਦੀ (ਸੰਪਾਦਕ), ਲੋਕ-ਪਰੰਪਰਾ ਅਤੇ ਸਾਹਿਤ, ਪਰੰਪਰਾ ਪ੍ਰਕਾਸ਼ਨ, ਨਵੀਂ ਦਿੱਲੀ, 1978, ਪੰਨਾ- 171
2. Simon J. Bronner (Edi. & Intro.), The Meaning of Folklore-The Analytical Essays of Alan Dundes, Utah State University Press, Logan, Utah, 2007, page-232

3. ਡਾ. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ- 63-64
4. Roland Barthes, Image Music Text, Fontana Press, London, 1977, page- 79
5. Gerald Prince, Narratology- The Form and Functioning of Narrative, Mouton Publishers, New York, 1982, page- 4
6. ਡਾ. ਨਰੇਂਦ੍ਰ, ਅਰਸਤੂ ਦਾ ਕਾਵਿ-ਸ਼ਾਸਤਰ (ਅਨੁ.- ਡਾ. ਹਰਿਭਜਨ ਸਿੰਘ), ਐਸ. ਚੰਦ ਐਂਡ ਕੰਪਨੀ, ਨਵੀਂ ਦਿੱਲੀ, ਪੰਨਾ- 17
7. ਡਾ. ਟੀ. ਆਰ. ਵਿਨੋਦ, ਨਾਵਲ ਆਲੋਚਨਾ ਸ਼ਬਦਾਵਲੀ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999, ਪੰਨਾ- 61
8. ਡਾ. ਸੁਰਜੀਤ ਸਿੰਘ, 'ਲੋਕ ਬਿਰਤਾਂਤ: ਸੰਕਲਪ, ਰੂਪ ਅਤੇ ਅਧਿਐਨ ਵਿਧੀਆਂ, ਸਭਿਆਚਾਰ ਪਤ੍ਰਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਨਵਰੀ 2008, ਪੰਨਾ- 2
9. ਡਾ. ਕਰਨੈਲ ਸਿੰਘ ਥਿੰਦ, ਸਾਹਿਤ ਅਤੇ ਲੋਕ ਬਿਰਤਾਂਤ, ਸਭਿਆਚਾਰ ਪਤ੍ਰਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜਨਵਰੀ 2008, ਪੰਨਾ- 12
10. Robert Scholes & More, The Nature of Narrative, Oxford University Press, New York, 2006, page- 3
11. ਜੀ. ਪਲੈਖ਼ਾਨੋਵ, ਚਿੱਠੀਆਂ ਬਿਨ ਸਿਰਨਾਵਿਓਂ (ਅਨੁ.- ਹਰਿਭਜਨ ਸਿੰਘ), ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2012, ਪੰਨਾ- 21
12. ਏ. ਕੇ. ਰਾਮਾਨੁਜਨ (ਸੰਕਲਨ ਤੇ ਸੰਪਾਦਨ), ਭਾਰਤ ਦੀਆਂ ਲੋਕ-ਕਥਾਵਾਂ (ਅਨੁ.- ਗੁਰਚਰਨ ਸਿੰਘ ਅਰਸ਼ੀ), ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ, 2007, ਪੰਨਾ- xvi.
13. ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬ ਦੀਆਂ ਜਨੌਰ ਕਹਾਣੀਆਂ, ਨੈਸ਼ਨਲ ਬੁਕ ਸ਼ਾਪ, ਦਿੱਲੀ, 2007, ਪੰਨਾ- 16
14. ਉਹੀ, ਮਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ, 2012 (ਨਵਾਂ ਐਡੀਸ਼ਨ), ਪੰਨਾ- 19
15. ਏ. ਕੇ. ਰਾਮਾਨੁਜਨ, ਉਹੀ, ਪੰਨਾ- xxii